# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
3. ਸਮੂਹ ਸਕੂਲ ਮੁੱਖੀ, ਪੰਜਾਬ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ: DySPD (PEDB)/2020/119415
ਮਿਤੀ: 26.05.2020

**ਵਿਸ਼ਾ: Teachers Transfer ਸਬੰਧੀ।**
**ਹਵਾਲਾ:** ਇਸ ਦਫਤਰ ਦੀ ਜਨਤਕ ਸੂਚਨਾ DySPD (PEDB)/2020/115482, ਮਿਤੀ: 18.05.2020 ਅਤੇ ਮੀਮੋ ਨੰ: DySPD (PEDB)/2020/119219, ਮਿਤੀ: 24.05.2020

1.0 ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਜਾਰੀ ਜਨਤਕ ਸੂਚਨਾ ਰਾਹੀਂ ਅਧਿਆਪਕਾਂ, Punjab ICT Education Society (PICTES) ਤਹਿਤ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਅਤੇ Education Provider, EGS/AIE/STR Volunteers ਨੂੰ ਸਾਲ 2020 ਦੌਰਾਨ ਨਿਯਮਾਂ ਅਨੁਸਾਰ ਬਦਲੀ ਕਰਵਾਉਣ ਲਈ ਸਦਾ ਦਿੱਤਾ ਗਿਆ ਹੈ। ਬਹੁਤ ਸਾਰੇ ਅਧਿਆਪਕਾਂ ਤੋਂ ਬਦਲੀਆਂ ਸਬੰਧੀ ਪ੍ਰਸ਼ਨ ਇਸ ਦਫਤਰ ਨਾਲ ਸੰਪਰਕ ਕਰਕੇ ਪੁਛੇ ਜਾ ਰਹੇ ਹਨ।

2.0 ਅਧਿਆਪਕਾਂ ਵੱਲੋਂ ਪੁਛੇ ਜਾ ਰਹੇ ਪ੍ਰਸ਼ਨਾਂ ਦੇ ਸਪਸ਼ਟੀਕਰਨ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ | ਪ੍ਰਸ਼ਨ | ਵਿਸ਼ੇਸ਼ ਕਥਨ |
|---|---|---|
| 1 | ਬਦਲੀ ਲਈ ਬੇਨਤੀ ਕਰਨ ਦੀ ਅੰਤਿਮ ਮਿਤੀ 27.05.2020 ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਜੇ ਤੱਕ 5ਵੀਂ, 8ਵੀਂ ਅਤੇ 10ਵੀਂ ਦਾ ਬੋਰਡ ਦਾ ਨਤੀਜਾ ਨਹੀਂ ਐਲਾਨਿਆ ਗਿਆ, ਇਸ ਸੂਰਤ ਵਿੱਚ ਬਦਲੀਆਂ ਦੀ ਮੈਰਿਟ ਤਿਆਰ ਕਰਨ ਅਤੇ ACR ਵਿੱਚ ਸਾਲ 2019-20 ਦੇ ਨਤੀਜੇ ਕਿਸ ਤਰਾਂ ਭਰੇ ਜਾਣ? | ਵਿਭਾਗ ਦੇ ਪੱਤਰ ਮਿਤੀ 25.05.2020 ਰਾਹੀਂ ਬਦਲੀ ਲਈ ਬੇਨਤੀ ਕਰਨ ਦੀ ਅੰਤਿਮ ਮਿਤੀ 02.06.2020 ਕਰ ਦਿੱਤੀ ਗਈ ਹੈ।<br>ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 5ਵੀਂ, 8ਵੀਂ ਅਤੇ 10ਵੀਂ ਦਾ ਬੋਰਡ ਦਾ ਨਤੀਜਾ ਐਲਾਨਿਆ ਜਾ ਰਿਹਾ ਹੈ।<br>ਸਬੰਧਤ ਸਕੂਲ ਮੁੱਖੀ/ DDO/ Reporting Authority ਵੱਲੋਂ ਜਿਨ੍ਹਾਂ ਅਧਿਆਪਕਾਂ ਵੱਲੋਂ 5ਵੀਂ, 8ਵੀਂ ਜਾਂ 10ਵੀਂ ਜਮਾਤ ਪੜਾਈ ਹੈ ਉਸ ਦੇ ਸਾਲ 2019-20 ਦੇ ਬੋਰਡ ਦੇ ਨਤੀਜੇ ਦੇ ਅਧਾਰ ਤੇ ਹੀ ਅਧਿਆਪਕ ਦੀ ACR ਲਿਖੀ ਜਾਵੇਗੀ। |

| | | |
|---|---|---|
| | | ਅਧਿਆਪਕ ਨੂੰ ਇਸ ਮੰਤਵ ਲਈ ਸਕੂਲ ਆਉਣ ਦੀ ਲੋੜ ਨਹੀਂ ਹੈ। ACR ਸਬੰਧੀ ਸਕੂਲ ਮੁੱਖੀ/ DDO/ ਰਿਪੋਰਟ ਕਰਤਾ ਅਧਿਕਾਰੀ ਤੱਕ ਸਾਰੀ ਕਾਰਵਾਈ Email ਰਾਹੀਂ ਕੀਤੀ ਜਾਵੇ।<br>ਜਿਵੇਂ ਕਿ ਵਿਭਾਗ ਦੇ ਪੱਤਰ ਮਿਤੀ 24.05.2020 ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਕੇਵਲ ਬਦਲੀ ਦੇ ਮੰਤਵ ਲਈ ਸਕੂਲ ਮੁੱਖੀ/ DDO/ ਰਿਪੋਰਟ ਕਰਤਾ ਅਧਿਕਾਰੀ ਵੱਲੋਂ ਲਿਖੀ ਗਈ ACR ਦੇ ਅਧਾਰ ਤੇ ਅੰਕ ਦਿੱਤੇ ਜਾਣਗੇ। |
| 2 | ਸਾਲ 2019 ਦੌਰਾਨ ਹੋਇਆਂ ਆਨ ਲਾਇਨ ਬਦਲੀਆਂ ਦੌਰਾਨ ਇਹ ਸ਼ਰਤ ਲਗਾਈ ਗਈ ਸੀ ਕਿ ਸਿੰਗਲ ਟੀਚਰ ਸਕੂਲ ਜਾਂ ਜਿਨ੍ਹਾਂ ਸਕੂਲਾਂ ਵਿੱਚ 50% ਤੋਂ ਸਟਾਫ ਘੱਟ ਹੈ ਉਨ੍ਹਾਂ ਸਕੂਲਾਂ ਤੋਂ ਜੇਕਰ ਕਿਸੇ ਅਧਿਆਪਕ ਦੀ ਬਦਲੀ ਹੋਈ ਹੈ ਤਾਂ ਉਸ ਸਕੂਲ ਵਿੱਚ ਬਦਲਵਾਂ ਪ੍ਰਬੰਧ ਹੋਣ ਤੇ ਬਦਲੀ ਲਾਗੂ ਹੋਵੇਗੀ।ਕੀ ਹੁਣ ਇਨ੍ਹਾਂ ਨੂੰ ਦੋਬਾਰਾ ਬਦਲੀ ਲਈ ਅਪਲਾਈ ਕਰਨ ਦੀ ਲੋੜ ਹੈ?<br>ਇਸ ਤੋਂ ਇਲਾਵਾ ਜਿਲਾ ਤਰਨਤਾਰਨ ਦੇ ਕੁਝ ਅਧਿਆਪਕਾਂ ਦੀਆਂ ਸਾਲ 2019 ਦੌਰਾਨ ਆਨ ਲਾਇਨ ਬਦਲੀਆਂ ਕੀਤੀਆਂ ਗਈਆਂ ਸਨ ਪਰ ਉਨ੍ਹਾਂ ਦੀ ਫਾਰਗੀ ਸਬੰਧੀ ਸ਼ਰਤ ਲਗਾਈ ਗਈ ਸੀ ਕਿ ਜਿਸ ਸਮੇਂ ਤੱਕ ਉਨ੍ਹਾਂ ਦਾ ਬਦਲਵਾਂ ਪ੍ਰਬੰਧ ਸਕੂਲ ਵਿੱਚ ਨਹੀਂ ਆਉਂਦਾ ਉਸ ਸਮੇਂ ਤੱਕ ਇਹ ਬਦਲੀ ਲਾਗੂ ਨਹੀਂ ਹੋਵੇਗੀ।ਕੀ ਹੁਣ ਇਨ੍ਹਾਂ ਨੂੰ ਦੋਬਾਰਾ ਬਦਲੀ ਲਈ ਅਪਲਾਈ ਕਰਨ ਦੀ ਲੋੜ ਹੈ? | ਵਿਭਾਗ ਦੇ ਪੱਤਰ ਮਿਤੀ 24.05.2020 ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਅਜਿਹੇ ਅਧਿਆਪਕ ਜਿਨ੍ਹਾਂ ਦੀ ਸਾਲ 2019 ਦੌਰਾਨ ਆਨ ਲਾਇਨ ਬਦਲੀ ਹੋਈ ਸੀ ਨੂੰ ਦੋਬਾਰਾ ਅਪਲਾਈ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਦੀ ਸਾਲ 2019 ਦੌਰਾਨ ਹੋਈ ਬਦਲੀ ਦੇ ਹੁਕਮ ਬਰਕਰਾਰ ਹਨ। ਅਜਿਹੇ ਅਧਿਆਪਕਾਂ ਦੇ ਮੌਜੂਦਾ ਤਾਇਨਾਤੀ ਵਾਲੇ ਸਕੂਲਾਂ ਵਿਖੇ ਉਨ੍ਹਾਂ ਦੀ ਅਸਾਮੀ ਖਾਲੀ ਅਤੇ ਤਬਾਦਲਾ ਅਧੀਨ ਸਕੂਲ ਵਿਖੇ ਉਨ੍ਹਾਂ ਦੀ ਅਸਾਮੀ ਭਰੀ ਦਰਸਾਈ ਜਾਵੇਗੀ। ਬਦਲਵਾਂ ਪ੍ਰਬੰਧ ਹੋਣ ਦੀ ਸੂਰਤ ਵਿੱਚ ਹੀ ਅਜਿਹੇ ਅਧਿਆਪਕਾਂ ਦੀ ਬਦਲੀ ਲਾਗੂ ਕੀਤੀ ਜਾਵੇਗੀ ।<br>**ਜੇਕਰ ਅਜਿਹੇ ਅਧਿਆਪਕ ਕਿਸੇ ਹੋਰ ਖਾਲੀ ਅਸਾਮੀ ਵਿਰੁਧ ਅਪਲਾਈ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ।** |
| 3 | ਵਿਭਾਗ ਵੱਲੋਂ ਅਜੇ ਤੱਕ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀ ਅੰਤਿਮ ਜਾਂਚ ਦੇ ਨਤੀਜਾ ਦਾ ਐਲਾਨ ਨਹੀਂ ਕੀਤਾ ਗਿਆ, ਜਿਸ ਦੇ ਅਧਾਰ ਤੇ ਬਦਲੀਆਂ ਦੀ ਮੈਰਿਟ ਤਿਆਰ ਅਤੇ ACR ਲਿਖੀ ਜਾਣੀ ਹੈ? | ਇਸ ਸਬੰਧੀ ਡਾਇਰੈਕਟਰ ਐਸ.ਸੀ.ਈ.ਆਰ.ਟੀ ਵੱਲੋਂ ਵੱਖਰੇ ਤੌਰ ਤੇ ਪੱਤਰ ਜਾਰੀ ਕਰਦਿਆਂ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀ ਅੰਤਿਮ ਜਾਂਚ ਦੇ ਨਤੀਜਾ ਦਾ ਐਲਾਨ ਕਰ ਦਿੱਤਾ ਗਿਆ ਹੈ। (ਕਾਪੀ ਨੱਥੀ) |

| | | |
|---|---|---|
| | ਇਸ ਸੂਰਤ ਵਿੱਚ ਬਦਲੀਆਂ ਦੀ ਮੈਰਿਟ ਤਿਆਰ ਕਰਨ ਅਤੇ ACR ਵਿੱਚ ਸਾਲ 2019-20 ਦੇ ਪੰਜਾਬ ਪੜਾਓ ਪੰਜਾਬ ਦੀ ਅੰਤਿਮ ਜਾਂਚ ਦੇ ਨਤੀਜੇ ਕਿਸ ਤਰਾਂ ਭਰੇ ਜਾਣ? | |
| 4 | ਕੀ ਸਸਅ/ ਰਮਸਾ ਅਧੀਨ ਭਰਤੀ ਹੋਏ ਗਣਿਤ ਅਤੇ ਅੰਗਰੇਜੀ ਅਧਿਆਪਕ, ਜੋ ਮਿਡਲ ਸਕੂਲਾਂ ਵਿੱਚ ਕੰਮ ਕਰ ਰਹੇ ਹਨ ਅਤੇ ਕੁਝ ਸਸਅ/ ਰਮਸਾ ਅਧੀਨ ਭਰਤੀ ਹੋਏ ਅਧਿਆਪਕ ਜੋ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਹਨ ਪਰ ਉਨ੍ਹਾਂ ਦੀ ਅਸਾਮੀ ਸਕੂਲ ਵਿੱਚ ਪ੍ਰਵਾਨ ਨਹੀਂ ਹੈ, ਲਈ ਬਦਲੀ ਲਈ ਅਪਲਾਈ ਕਰਨਾ ਲਾਜਮੀ ਹੈ? | ਇਸ ਸਬੰਧੀ ਵਿਭਾਗ ਦੇ ਪੱਤਰ ਮਿਤੀ 24.05.2020 ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਅਜਿਹੇ ਅਧਿਆਪਕਾਂ ਵੱਲੋਂ ਬਦਲੀ ਲਈ ਅਪਲਾਈ ਕੀਤਾ ਜਾਵੇ।<br>**ਅਜਿਹੇ ਅਧਿਆਪਕਾਂ ਨੂੰ ਮੁੜ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਦਲੀ ਲਈ ਅਪਲਾਈ ਕਰਨ।** |
| 5 | DIET ਵਿਖੇ ਕੰਮ ਕਰ ਰਹੇ ਅਧਿਆਪਕਾਂ/ ਲੈਕਚਰਾਰਾਂ ਦੇ ਕਿਹੜੇ ਨਤੀਜੇ ਬਦਲੀ ਦੀ ਮੈਰਿਟ ਤਿਆਰ ਕਰਨ ਲਈ ਭਰੇ ਜਾਣੇ ਹਨ? | ਇਸ ਸਬੰਧੀ ਡਾਇਰੈਕਟਰ ਐਸ.ਸੀ.ਈ.ਆਰ.ਟੀ ਵੱਲੋਂ ਵੱਖਰੇ ਤੌਰ ਤੇ ਪੱਤਰ ਜਾਰੀ ਕਰਦਿਆਂ ਮਾਪਦੰਢ ਨਿਰਧਾਰਤ ਕੀਤੇ ਗਏ ਹਨ ਜਿਸ ਅਨੁਸਾਰ ਆਪਣੀ ਬਦਲੀ ਦੀ ਮੈਰਿਟ ਭਰ ਲਈ ਜਾਵੇ। |
| 6 | Education Providers/ EGS/AIE/ STR ਲਈ Performance Report ਭਰਨ ਲਈ ਕੀ ਹਦਾਇਤਾਂ ਹਨ? | Performance Report ਦਾ ਪ੍ਰੋਫਾਰਮਾ ਅਤੇ ਇਸ ਨੂੰ ਭਰਨ ਸਬੰਧੀ ਹਦਾਇਤਾਂ ਬਾਰੇ ਡਾਇਰੈਕਟਰ ਐਸ.ਸੀ.ਈ.ਆਰ.ਟੀ ਵੱਲੋਂ ਦੋ ਵੱਖਰੇ-ਵੱਖਰੇ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। (ਕਾਪੀਆਂ ਨੱਥੀ) |
| 7 | ਅਧਿਆਪਕ ਜੋ ਕਿ ਜਿਲਿਆਂ ਵਿੱਚ ਬਤੌਰ<br>I. BM/ DM<br>II. ਪੜੋ ਪੰਜਾਬ ਪੜਾਓ ਪੰਜਾਬ ਪ੍ਰੋਜੈਕਟ ਅਧੀਨ<br>III. ਸਿੱਖਿਆ ਸੁਧਾਰ ਟੀਮ ਵਿੱਚ ਕੰਮ ਕਰ ਰਹੇ ਹਨ<br>IV. ਮੁੱਖ ਦਫਤਰ ਵਿਖੇ ਪੜੋ ਪੰਜਾਬ ਪੜਾਓ ਪੰਜਾਬ ਪ੍ਰੋਜੈਕਟ ਅਧੀਨ ਕੰਮ ਕਰ ਰਹੇ ਹਨ<br>ਦਾ ਬਦਲੀਆਂ ਲਈ ਕਿਹੜਾ ਨਤੀਜਾ | ਇਸ ਸਬੰਧੀ ਵਿਭਾਗ ਦੇ ਪੱਤਰ ਮਿਤੀ 24.05.2020 ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਡਾਇਰੈਕਟਰ ਐਸ.ਸੀ.ਈ.ਆਰ.ਟੀ ਵੱਲੋਂ ਪ੍ਰਵਾਨ ਅੰਕਾਂ ਅਨੁਸਾਰ ਵਿਚਾਰਿਆ ਜਾਵੇਗਾ। |

2

| | | |
|---|---|---|
| | ਵਿਚਾਰਿਆ ਜਾਵੇਗਾ? | |
| 8 | ਰਮਸਾ ਅਧੀਨ ਮਾਡਲ ਸਕੂਲ ਅਤੇ ਆਦਰਸ਼ ਸਕੂਲਾਂ ਤੋਂ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 09.10.2018 ਅਨੁਸਾਰ ਰੈਗੂਲਰ ਹੋਏ ਕੰਪਿਊਟਰ ਅਧਿਆਪਕ ਕੀ ਸਕੂਲਾਂ ਵਿੱਚ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਦੀ ਅਸਾਮੀ ਵਿਰੁਧ ਬਦਲੀ ਲਈ ਅਪਲਾਈ ਕਰ ਸਕਦੇ ਹਨ? | ਹਾਂ ਜੀ, ਰਮਸਾ ਅਧੀਨ ਮਾਡਲ ਸਕੂਲ ਅਤੇ ਆਦਰਸ਼ ਸਕੂਲਾਂ ਤੋਂ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 09.10.2018 ਅਨੁਸਾਰ ਰੈਗੂਲਰ ਹੋਏ ਕੰਪਿਊਟਰ ਅਧਿਆਪਕ ਕੰਪਿਊਟਰ ਫੈਕਲਟੀ ਦੀ ਖਾਲ਼ੀ ਅਸਾਮੀ ਵਿਰੁਧ ਬਦਲੀ ਲਈ ਅਪਲਾਈ ਕਰ ਸਕਦੇ ਹਨ। ਅਪਲਾਈ ਕਰਨ ਵਿਚ ਕਿਸੇ ਵੀ ਕਿਸਮ ਦੀ ਕੋਈ ਤਕਨੀਕੀ ਸਮੱਸਿਆ ਨਹੀਂ ਹੈ। ਬਦਲ਼ੀ ਹੋਣ ਦੀ ਸੂਰਤ ਵਿੱਚ ਇਨ੍ਹਾਂ ਅਧਿਆਪਕਾਂ ਦੀ ਅਸਾਮੀ "ਕੰਪਿਊਟਰ ਫੈਕਲਟੀ" ਤੋਂ "ਕੰਪਿਊਟਰ ਮਾਸਟਰ" ਆਪਣੇ ਆਪ ਈਪੰਜਾਬਸਕੂਲ ਉੱਤੇ software ਵੱਲੋਂ ਤਬਦੀਲ ਕਰ ਦਿੱਤੀ ਜਾਵੇਗੀ। |
| 9 | ਕੀ 60% Physically Handicap ਅਧਿਆਪਕਾਂ ਨੂੰ Special category ਅਧੀਨ ਬਦਲੀਆਂ ਵਿੱਚ ਲਾਭ ਮਿਲੇਗਾ? | ਹਾਂ ਜੀ। |
| 10 | ਵੋਕੇਸ਼ਨਲ ਸਟਰੀਮ ਤਹਿਤ ਕੁਝ ਵਿਸ਼ੇ ਮਰਜ ਕੀਤੇ ਜਾ ਚੁੱਕੇ ਹਨ, ਇਸ ਲਈ ਵੋਕੇਸ਼ਨਲ ਮਾਸਟਰ/ ਲੈਕਚਰਾਰ ਦਾ ਕਿਹੜਾ ਨਤੀਜਾ ਬਦਲੀ ਲਈ ਮੈਰਿਟ ਤਿਆਰ ਕਰਨ ਲਈ ਲਿਆ ਜਾਵੇਗਾ? | ਇਸ ਸਬੰਧੀ ਵਿਭਾਗ ਦੇ ਪੱਤਰ ਮਿਤੀ 24.05.2020 ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਵੋਕੇਸ਼ਨਲ ਮਾਸਟਰ/ ਲੈਕਚਰਾਰ ਵੱਲੋਂ ਸਾਲ 2019-20 ਦੌਰਾਨ ਵੋਕੇਸ਼ਨਲ ਦੀ ਪੁਰਾਣੀ ਸਕੀਮ ਤਹਿਤ 12ਵੀਂ ਦੇ ਵਿਦਿਆਰਥੀਆਂ ਨੂੰ ਪੜਾਇਆ ਗਿਆ ਹੈ।<br>ਸਾਲ 2019-20 ਲਈ 12ਵੀਂ ਦੀ ਬੋਰਡ ਕਲਾਸ ਦੀ ਪ੍ਰੀਖਿਆ ਅਤੇ ਨਤੀਜੇ ਸਬੰਧੀ ਕਿਉਂ ਜੋ ਹਾਲ ਦੀ ਘੜੀ ਅੰਤਿਮ ਫੈਸਲਾ ਲੈਣਾ ਬਾਕੀ ਹੈ ਇਸ ਲਈ ਉਨ੍ਹਾਂ ਦੇ ਕੇਸ ਵਿੱਚ ਮਾਰਚ 2019 (ਸਾਲ 2018-19) ਵਿੱਚ ਬੋਰਡ ਵੱਲੋਂ ਲਈ ਪ੍ਰੀਖਿਆ ਦਾ ਨਤੀਜਾ ਵਿਚਾਰਿਆ ਜਾਵੇਗਾ। |
| 11 | ਕੀ ਅਜਿਹੇ ਅਧਿਆਪਕ ਜਿਨ੍ਹਾਂ ਦੀ ਨਿਯੁਕਤੀ 3582, 5178 ਕੈਟਾਗਰੀ ਅਧੀਨ ਹੋਈ ਹੈ ਜਾਂ ਕਿਸੇ ਵੀ ਹੋਰ ਕਾਡਰ ਦੇ ਅਧਿਆਪਕ ਜਿਵੇਂ ਕਿ **ਲੈਕਚਰਾਰ** ਜਿਨ੍ਹਾਂ ਦੀ ਨਵੀਂ ਨਿਯੁਕਤੀ ਹੈ ਉਨ੍ਹਾਂ ਨੂੰ ਅਜੇ ਸੀਨੀਆਰਤਾ ਨੰਬਰ ਅਲਾਟ ਨਹੀਂ ਹੋਇਆ, ਬਦਲੀ ਲਈ ਅਪਲਾਈ ਕਰਨ ਲਈ ਪਾਤਰ ਹਨ? | ਇਸ ਸਬੰਧੀ ਵਿਭਾਗ ਦੇ ਪੱਤਰ ਮਿਤੀ 24.05.2020 ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਬਦਲੀ ਲਈ ਅਪਲਾਈ ਕਰਨ ਲਈ ਸੀਨੀਆਰਤਾ ਨੰਬਰ ਭਰਨਾ ਲਾਜ਼ਮੀ ਨਹੀਂ ਹੈ। ਕੇਵਲ ਸੀਨੀਆਰਤਾ ਨੰਬਰ ਨਾ ਭਰਨ ਵਜੋਂ ਕੋਈ ਵੀ ਅਧਿਆਪਕ ਬਦਲੀ ਦੀ ਦਰਖਾਸਤ |

| | | |
|---|---|---|
| | | ਦੇਣ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ। ਜਿਨ੍ਹਾਂ ਅਧਿਆਪਕਾਂ ਨੂੰ ਹਾਲ ਦੀ ਘੜੀ ਸੀਨੀਆਰਤਾ ਨੰਬਰ ਅਲਾਟ ਕਰਨਾ ਲੰਬਿਤ ਹੈ , ਉਹ ਇਸ ਕਾਲਮ ਵਿੱਚ zero ਭਰਨਗੇ। |
| 12 | ਆਦਰਸ਼ ਅਤੇ ਮਾਡਲ ਸਕੂਲ ਦੇ ਵਿਦਿਆਰਥੀ ਸਾਲ 2019-20 ਦੌਰਾਨ ਸੀ.ਬੀ.ਐਸ.ਈ ਬੋਰਡ ਤੋਂ 10ਵੀਂ ਦੀ ਪ੍ਰੀਖਿਆ ਦੇ ਰਹੇ ਹਨ ਅਤੇ ਉਨਹਾਂ ਦਾ ਬੋਰਡ ਦੇ ਨਤੀਜੇ ਦਾ ਐਲਾਨ ਅਜੇ ਨਹੀਂ ਹੋਇਆ। ਅਜਿਹੇ ਸਕੂਲਾਂ ਵਿੱਚ ਪੜਾ ਰਹੇ ਅਧਿਆਪਕ ਬਦਲੀ ਲਈ ਅਪਲਾਈ ਕਰਦੇ ਸਮੇਂ ਕਿਹੜਾ ਨਤੀਜਾ ਬਦਲੀ ਦੀ ਮੈਰਿਟ ਤਿਆਰ ਕਰਨ ਲਈ ਭਰਨਗੇ? | ਅਜਿਹੇ ਕੇਸ ਵਿੱਚ ਮਾਰਚ 2019 (ਸਾਲ 2018-19) ਵਿੱਚ ਸੀ.ਬੀ.ਐਸ.ਈ ਬੋਰਡ ਵੱਲੋਂ ਲਈ ਪ੍ਰੀਖਿਆ ਦਾ ਨਤੀਜਾ ਵਿਚਾਰਿਆ ਜਾਵੇਗਾ ਅਤੇ ACR ਵੀ ਸਾਲ 2018-19 ਦੀ ਵਿਚਾਰੀ ਜਾਵੇਗੀ। |
| 13 | ਕੰਪਿਊਟਰ ਅਧਿਆਪਕ ਅਤੇ ਜਿਨ੍ਹਾਂ ਅਧਿਆਪਕਾਂ/ ਲੈਕਚਰਾਰਾਂ/ ਵੋਕੇਸ਼ਨਲ ਮਾਸਟਰਾਂ ਵੱਲੋਂ ਨਾਨ ਬੋਰਡ ਕਲਾਸਾਂ ਪੜਾਈਆਂ ਗਈਆਂ ਹਨ ਉਨ੍ਹਾਂ ਦੇ ਨਾਨ ਬੋਰਡ ਕਲਾਸਾਂ ਦੇ ਨਤੀਜੇ ਦਾ ਮੁਲਾਂਕਣ ਕਿਸ ਤਰਾਂ ਕੀਤਾ ਜਾਵੇਗਾ? | ਜੇਕਰ ਕੰਪਿਊਟਰ ਅਧਿਆਪਕ/ ਅਧਿਆਪਕ/ ਲੈਕਚਰਾਰ/ ਵੋਕੇਸ਼ਨਲ ਮਾਸਟਰ ਵੱਲੋਂ Board ਅਤੇ Non Board ਦੋਵੇਂ ਕਲਾਸਾਂ ਪੜਾਈ ਗਈ ਹੈ ਤਾਂ ਉਸ ਸੂਰਤ ਵਿੱਚ Non Board ਕਲਾਸ ਦਾ ਨਤੀਜਾ ਹੇਠ ਲਿਖੇ formula ਅਨੁਸਾਰ calculate ਕੀਤਾ ਜਾਵੇਗਾ।<br>Non Board Results<br>Below 50% = 0 mark<br>50% = 5 marks<br>51% to 60% = 10 marks<br>61% to 70% = 15 marks<br>71% to 80% = 20 marks<br>81% to 90% = 30 marks<br>91% to 99% = 35 marks<br>100% = 40 marks<br>ਜੇਕਰ ਕੇਵਲ Non Board ਕਲਾਸ ਹੀ ਪੜਾਈ ਗਈ ਹੋਵੇ, ਭਾਵ Board ਕਲਾਸ ਨਹੀਂ ਪੜਾਈ ਗਈ, ਤਾਂ ਅੰਕ 100 ਵਿਚੋਂ ਤਬਦੀਲ ਕਰ ਦਿੱਤੇ ਜਾਣਗੇ। |
| 14 | ਜਿਨ੍ਹਾਂ ਅਧਿਆਪਕਾਂ ਦੇ ਬੱਚੇ ਸਰਕਾਰੀ ਸਕੂਲ ਵਿੱਚ ਪੜ ਰਹੇ ਹਨ ਪਰ ਉਨ੍ਹਾਂ ਨੂੰ ਸਕੂਲ ਵਿੱਚ | ਅਜਿਹੇ ਅਧਿਆਪਕਾਂ ਨੂੰ ਵੀ 0.625 ਅੰਕ ਦਿੱਤੇ ਜਾਣਗੇ। |

| | | |
|---|---|---|
| | ਦਾਖਲ ਹੋਏ ਅਜੇ 1 ਸਾਲ ਦਾ ਸਮਾਂ ਪੂਰਾ ਨਹੀਂ ਹੋਈਆ, ਉਨ੍ਹਾਂ ਨੂੰ ਕਿੰਨੇ ਅੰਕ ਮਿਲਣਯੋਗ ਹੋਣਗੇ? | |
| 15 | ਜਿਨ੍ਹਾਂ ਅਧਿਆਪਕਾਂ ਦੇ ਬੱਚੇ ਆਂਗਣਵਾੜੀ ਕੇਂਦਰਾਂ ਵਿੱਚ ਦਾਖਲ ਹਨ ਕੀ ਉਨ੍ਹਾਂ ਨੂੰ ਬਦਲੀ ਦੀ ਮੈਰਿਟ ਤਿਆਰ ਕਰਨ ਸਮੇਂ ਅੰਕ ਮਿਲਣਗੇ? | ਨਹੀਂ ਜੀ, ਕੋਈ ਅੰਕ ਨਹੀਂ ਮਿਲਣਯੋਗ ਹੋਣਗੇ, ਕਿਉਂ ਜੋ ਪਾਲਿਸੀ ਅਨੁਸਾਰ ਇਹ ਅੰਕ ਕੇਵਲ ਉਨ੍ਹਾਂ ਅਧਿਆਪਕਾਂ ਨੂੰ ਮਿਲਣਯੋਗ ਹੋਣਗੇ ਜਿਨ੍ਹਾਂ ਦੇ ਬੱਚੇ **ਸਰਕਾਰੀ ਸਕੂਲਾਂ** ਵਿੱਚ ਦਾਖਲ ਹੋਣ। |
| 16 | ਜੋ ਅਧਿਆਪਕ ਪਿਛਲੇ ਸਾਲ ਪ੍ਰਸੂਤਾ ਛੁੱਟੀ ਤੇ ਸੀ ਉਨ੍ਹਾਂ ਦੀ ACR ਵਿੱਚ ਕਿਸ ਨਤੀਜੇ ਦੇ ਅਧਾਰ ਤੇ ਅੰਕ ਦਿੱਤੇ ਜਾਣਗੇ? | ਜੇਕਰ ਕੋਈ ਅਧਿਆਪਕ ਪਿਛਲੇ ਅਕਾਦਮਿਕ ਸਾਲ ਦੌਰਾਨ ਪ੍ਰਸੂਤਾ ਛੁੱਟੀ ਤੇ ਸੀ ਤਾਂ ਅਕਾਦਮਿਕ ਸਾਲ ਦੌਰਾਨ 3 ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਜੋ ਕਲਾਸ ਅਤੇ ਵਿਸ਼ੇ ਪੜਾਏ ਹਨ ਉਸ ਦੇ ਨਤੀਜੇ ਦੇ ਅਧਾਰ ਤੇ ਉਸ ਦੀ ACR ਲਿਖੀ ਜਾਵੇਗੀ ਅਤੇ ਬਦਲੀ ਲਈ ਮੈਰਿਟ ਨਿਰਧਾਰਤ ਕਰਨ ਲਈ ਵੀ ਇਹ ਨਤੀਜੇ ਮੰਨਣ ਯੋਗ ਹੋਣਗੇ।<br>ਜੇਕਰ ਇਸ ਸਾਲ ਦੇ ਦੌਰਾਨ ਤਿੰਨ ਮਹੀਨਿਆਂ ਤੋਂ ਘੱਟ ਸਮੇਂ ਲਈ ਪੜਾਇਆ ਹੋਵੇ ਤਾਂ ਇਹ ACR ਮੰਨਣਯੋਗ ਨਹੀਂ ਹੋਵੇਗੀ। |
| 17 | ਸਸਅ/ ਰਮਸਾ ਅਧੀਨ ਭਰਤੀ ਅਤੇ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਵੱਲੋਂ ਮਿਤੀ 9/10/2018 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਰੈਗੂਲਰ ਹੋਏ ਅਧਿਆਪਕਾਂ ਦੀ ਬਦਲੀ ਦੀ ਮੈਰਿਟ ਤਿਆਰ ਕਰਨ ਲਈ ਕੀ ਮਿਤੀ 01.04.2018 ਤੋਂ ਪਹਿਲਾਂ ਦੀ ਸੇਵਾ ਦਾ ਲਾਭ ਉਨ੍ਹਾਂ ਨੂੰ ਮਿਲਣਯੋਗ ਹੋਵੇਗਾ? | ਨਹੀਂ ਜੀ, ਬਦਲੀ ਦੀ ਮੈਰਿਟ ਤਿਆਰ ਕਰਨ ਲਈ ਮਿਤੀ 01.04.2018 ਭਾਵ ਜਿਸ ਮਿਤੀ ਤੋਂ ਸਸਅ/ ਰਮਸਾ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਗਿਆ ਹੈ ਤੋਂ ਲਾਭ ਮਿਲਣਯੋਗ ਹੋਵੇਗਾ। |
| 18 | ਸਕੂਲ ਵਿੱਚ ਖਾਲੀ ਜਾਂ ਸਰਪਲਸ ਅਸਾਮੀਆਂ ਸਕੂਲ ਮੁੱਖੀ ਵੱਲੋਂ ਕਿਸ ਤਰਾਂ ਨਾਲ ਨਿਸ਼ਚਿਤ ਕੀਤੀਆਂ ਜਾਣਗੀਆਂ? | ਸਕੂਲ ਮੁੱਖੀ ਵੱਲੋਂ ਖਾਲੀ ਜਾਂ ਸਰਪਲਸ ਅਸਾਮੀਆਂ ਸਬੰਧੀ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਖਾਲੀ ਅਸਾਮੀਆਂ ਸਟੇਸ਼ਨ ਚੋਣ ਕਰਵਾਉਣ ਸਮੇਂ software ਵੱਲੋਂ ਈ-ਪੰਜਾਬ ਪੋਰਟਲ ਤੇ ਅਧਿਆਪਕ ਦੇ login Id ਵਿੱਚ ਆਪਣੇ-ਆਪ ਅੰਕਿਤ ਹੋਣਗੀਆਂ। |
| 19 | ਬਦਲੀ ਦੀ ਦਰਖਾਸਤ ਦੇਣ ਸਮੇਂ ਕਲਾਸ 5ਵੀਂ ਅਤੇ 8ਵੀਂ ਦੇ ਬੋਰਡ ਦੇ ਨਤੀਜੇ ਭਰਨ ਸਬੰਧੀ | ਪਹਿਲਾਂ ਤੋਂ ਹੀ Software ਵਿੱਚ ਲੋੜੀਂਦੀ ਸੋਧ ਕਰ ਦਿੱਤੀ ਗਈ ਹੈ। |

| | | |
|---|---|---|
| | option ਉਪਲਬਧ ਨਹੀਂ ਹੈ। | |
| 20 | ਕੀ ਸਸਅ/ ਰਮਸਾ ਤਹਿਤ ਕੰਮ ਕਰ ਰਹੇ ਅਧਿਆਪਕ ਜੋ ਵਿਭਾਗ ਵਿੱਚ ਸ਼ਾਮਿਲ ਨਹੀਂ ਹਨ ਬਦਲੀ ਲਈ ਅਪਲਾਈ ਸਕਦੇ ਹਨ? | Teachers Transfer Policy 2019 ਕੇਵਲ ਵਿਭਾਗ ਵਿੱਚ ਕੰਮ ਕਰ ਰਹੇ ਅਧਿਆਪਕਾਂ ਤੇ ਹੀ ਲਾਗੂ ਹੈ, ਇਸ ਲਈ ਅਜਿਹੇ ਅਧਿਆਪਕ ਜੋ ਵਿਭਾਗ ਵਿੱਚ ਸ਼ਾਮਿਲ ਨਹੀਂ ਹਨ, ਉਹ ਬਦਲੀ ਲਈ ਅਪਲਾਈ ਕਰਨ ਦੇ ਪਾਤਰ ਨਹੀਂ ਹਨ। |

3.0 ਸਮੂਹ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

**ਪਿੱਠ ਅੰਕਣ ਨੰ: ਉੱਕਤ** **ਮਿਤੀ: 26.05.2020**

ਉਪਰੋਕਤ ਦਾ ਉਤਾਰਾ ਡਿਪਟੀ ਮੈਨੇਜਰ (ਐਮ.ਆਈ.ਐਸ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਲੋੜੀਂਦੀਆਂ ਸੋਧਾਂ ਸਾਫਟਵੇਅਰ ਵਿੱਚ ਕਰ ਲਈਆਂ ਜਾਣ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**